**ਸਾਡਾ ਮੰਨਣਾ ਹੈ ਕਿ ਬਚਪਨ ਦੀਆਂ ਸਿਹਤ ਸਮੱਸਿਆਵਾਂ ਦਾ ਹੱਲ ਕੱਢਿਆ ਜਾ ਸਕਦਾ ਹੈ।**


# GenV ਨੈਪੀ ਸਵੈਬ ਨਿਰਦੇਸ਼

## ਆਪਣੇ ਬੱਚੇ ਦੀ ਪੌਟੀ ਦਾ ਸੈਂਪਲ ਇਕੱਠਾ ਕਰਨਾ – ਸ਼ੁਰੂ ਕਰਨਾ ਤੋਂ ਪਹਿਲਾਂ

- ਕ੍ਰਿਪਾ ਕਰਕੇ ਇਹ ਨਿਰਦੇਸ਼ ਪੜ੍ਹੋ
- **ਬੱਚਾ ਇੱਕ ਹਫਤੇ ਤੋਂ ਛੋਟਾ ਹੈ?** 7 ਦਿਨਾਂ ਦੀ ਉਮਰ 'ਤੇ ਜਾਂ ਇਸ ਤੋਂ ਬਾਅਦ ਜਿੰਨੀ ਛੇਤੀ ਹੋ ਸਕੇ, ਨਮੂਨਾ ਇੱਕਠਾ ਕਰੋ
- **ਬੱਚਾ ਇੱਕ ਹਫਤੇ ਤੋਂ ਵੱਡਾ ਹੈ?** ਜਿੰਨੀ ਛੇਤੀ ਹੋ ਸਕੇ, ਨਮੂਨਾ ਇੱਕਠਾ ਕਰੋ
- **ਭੁੱਲ ਗਏ ਜਾਂ ਇੱਕਠਾ ਕਰਨਾ ਔਖਾ ਹੈ?** ਕਿਸੇ ਵੀ ਸਮੇਂ ਆਪਣਾ ਨਮੂਨਾ ਵਾਪਸ ਭੇਜੋ – ਹਰੇਕ ਨਮੂਨਾ ਮਹੱਤਵਪੂਰਣ ਹੈ


- ਕੀ ਤੁਹਾਡੀ ਕਿਟ ਗੁਆਚ ਗਈ ਹੈ ਜਾਂ ਕੀ ਤੁਹਾਡੇ ਤੋਂ ਗਲਤੀ ਹੋਈ ਹੈ? – ਸਾਡੇ ਨਾਲ ਸੰਪਰਕ ਕਰੋ:
  **ਫੋਨ: 1800 436 888**
  **ਵੈੱਬਸਾਈਟ: www.genv.org.au**

## 1




- ਤੁਹਾਨੂੰ ਲੋੜ ਹੋਵੇਗੀ:
  1. ਇਨ੍ਹਾਂ ਨਿਰਦੇਸ਼ਾਂ ਦੀ,
  2. ਤੁਹਾਡੀ ਨੈਪੀ ਸਵੈਬ ਕਿੱਟ ਦੀ, ਅਤੇ
  3. ਇੱਕ ਕਲਮ ਦੀ
- ਆਪਣੇ ਬੱਚੇ ਦੀ ਗੰਦੀ ਨੈਪੀ ਬਦਲੋ
- ਗੰਦੀ ਨੈਪੀ ਨੂੰ ਇੱਕ ਪਾਸੇ ਰੱਖੋ ਜਦੋਂ ਤਕ ਕਿ ਤੁਹਾਡਾ ਬੱਚਾ ਇੱਕ ਸੁਰੱਖਿਅਤ ਪੋਜੀਸ਼ਨ ਵਿੱਚ ਵਾਪਿਸ ਨਾ ਆ ਜਾਵੇ (ਜਿਵੇਂ ਕਿ ਕ੍ਰਿਬ)

## 2




- ਗੰਦੀ ਨੈਪੀ ਨੂੰ ਕਿਸੇ ਪੱਕੇ ਤਲ ਤੇ ਖੋਲ੍ਹੋ
- ਟਯੂਬ ਨੂੰ ਮਰੋੜੋ ਅਤੇ ਖਿੱਚੋ, ਤਾਂ ਜੋ ਸਵੈਬ ਟਿਪ (ਸਵੈਬ ਦਾ ਉੱਤਲਾ ਹਿੱਸਾ) ਖੁੱਲ ਜਾਵੇ
- ਧਿਆਨ ਰੱਖੋ ਕਿ ਸਵੈਬ ਟਿੱਪ ਤੁਹਾਡੀ ਚਮੜੀ ਜਾਂ ਕਿਸੇ ਹੋਰ ਤਲ ਨੂੰ ਨਾ ਛੂਹੇ

## 3




- ਗੰਦੀ ਨੈਪੀ ਤੋਂ ਪੌਟੀ ਦਾ ਛੋਟਾ ਜਿਹਾ ਭਾਗ ਚੁੱਕਣ ਲਈ ਸਵੈਬ ਟਿਪ ਨੂੰ ਹਲਕਾ ਜਿਹਾ ਪੌਟੀ ਨਾਲ ਛੁਹਾਓ
- ਧਿਆਨ ਰੱਖੋ ਕਿ ਸਵੈਬ ਟਿਪ ਸਿੱਧੇ ਨੈਪੀ ਨੂੰ ਨਾ ਛੂਹੇ

## 4




- ਜਿਆਦਾ ਪੌਟੀ ਨਾ ਚੁੱਕੋ
- ਸਵੈਬ ਟਿਪ ਤੇ ਬਸ ਥੋੜੀ ਜਿਹੀ ਪੌਟੀ ਲੱਗਣੀ ਚਾਹੀਦੀ ਹੈ

## 5





- ਸਵੈਬ ਨੂੰ ਸਿੱਧੇ ਟਯੂਬ ਵਿੱਚ ਵਾਪਿਸ ਪਾ ਦਿਓ
- ਧਿਆਨ ਰੱਖੋ ਕਿ ਸਵੈਬ ਟਿਪ ਤੁਹਾਡੀ ਚਮੜੀ ਜਾਂ ਕਿਸੇ ਹੋਰ ਤਲ ਨੂੰ ਨਾ ਛੂਹੇ
- ਟਯੂਬ ਨੂੰ ਕਲਿਕ ਕਰਕੇ ਜ਼ੋਰ ਨਾਲ ਬੰਦ ਕਰ ਦਿਓ

## 6




- ਟਯੂਬ ਉੱਤੇ ਜਿੱਥੇ **'Date collected'** ਲਿਖਿਆ ਹੈ ਉੱਥੇ ਤਰੀਕ ਲਿਖੋ

## 7




- ਟਯੂਬ ਨੂੰ ਚਿੱਟੀ ਥੈਲੀ ਵਿੱਚ ਪਾ ਦਿਓ
- ਥੈਲੀ ਦੇ ਕਿਨਾਰਿਆਂ ਨੂੰ ਸੀਲ ਕਰਨ ਲਈ ਇਕੱਠੇ ਦਬਾਓ, ਧਿਆਨ ਰੱਖੋ ਕਿ ਘੱਟੋ ਘੱਟ ਹਵਾ ਅੰਦਰ ਜਾਵੇ

## 8




- ਚਿੱਟੀ ਥੈਲੀ ਨੂੰ ਰਿਪਲਾਈ-ਪੇਡ ਲਿਫਾਫੇ ਵਿੱਚ ਪਾਓ
- ਲਿਫਾਫੇ ਨੂੰ ਸੀਲ ਕਰੋ
- ਇਹ ਕਮਰੇ ਦੇ ਤਾਪਮਾਨ 'ਤੇ ਰਹਿ ਸਕਦਾ ਹੈ (ਫ੍ਰਿੱਜ ਜਾਂ ਫ੍ਰੀਜ਼ਰ ਵਿੱਚ ਨਹੀਂ)

## 9




- ਇੱਕ ਹਫਤੇ ਦੇ ਅੰਦਰ-ਅੰਦਰ ਜਾਂ ਜਿੰਨੀ ਛੇਤੀ ਸੰਭਵ ਹੋਵੇ, ਲਿਫਾਫਾ ਡਾਕ ਰਾਹੀਂ GenV ਨੂੰ ਭੇਜੋ – ਇਸਨੂੰ Australia Post ਦੇ ਕਿਸੇ ਬਕਸੇ ਵਿੱਚ ਪਾਓ, ਕਿਸੇ ਡਾਕ ਟਿਕਟ ਦੀ ਲੋੜ ਨਹੀਂ ਹੈ

V2.0 2022-05-20

**ਅਗਲੀ ਪੀੜ੍ਹੀ ਨੂੰ ਸਭ ਤੋਂ ਸਿਹਤਮੰਦ ਬਣਾਉਣ ਵਿੱਚ ਮਦਦ ਦੇਣ ਲਈ ਧੰਨਵਾਦ।**

powered by MICROBA